BRITISH COLUMBIA HealthLinkBC

Punjabi - Number 51b
July 2005

# ਤਪਦਿਕ (ਟੀ.ਬੀ.) ਚਮੜੀ ਦਾ ਟੈਸਟ
# Tuberculosis (TB) Skin Test

## ਤਪਦਿਕ (ਟੀ.ਬੀ.) ਕੀ ਹੈ?

ਤਪਦਿਕ (ਟੀ.ਬੀ.) ਉਹਨਾਂ ਜਰਾਸੀਮਾਂ ਰਾਹੀਂ ਹੁੰਦੀ ਹੈ ਜੋ ਹਵਾ ਵਿਚ ਉਦੋਂ ਫੈਲਦੇ ਹਨ ਜਦੋਂ ਕੋਈ ਸੰਕ੍ਰਾਮਕ ਟੀ.ਬੀ. ਨਾਲ ਪੀੜਤ ਵਿਅਕਤੀ ਖੰਘਦਾ ਜਾਂ ਛਿੱਕ ਮਾਰਦਾ ਹੈ। ਨੇੜੇ ਦੇ ਕਿਸੇ ਵੀ ਵਿਅਕਤੀ ਨੂੰ ਇਹਨਾਂ ਹਵਾ ਵਿਚ ਮੌਜੂਦ ਜਰਾਸੀਮਾਂ ਦਾ ਸਾਹ ਰਾਹੀਂ ਫੇਫੜਿਆਂ ਵਿਚ ਪਹੁੰਚਣ ਦਾ ਖ਼ਤਰਾ ਹੁੰਦਾ ਹੈ।

ਜਦੋਂ ਟੀ.ਬੀ. ਦੇ ਜਰਾਸੀਮ ਫੇਫੜਿਆਂ 'ਤੇ ਹੱਲਾ ਬੋਲਦੇ ਹਨ ਤੇ ਵਿਕਸਤ ਹੁੰਦੇ ਹਨ, ਤਾਂ ਉਹ ਫੇਫੜਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਜਿਨ੍ਹਾਂ ਲੋਕਾਂ ਦੇ ਫੇਫੜਿਆਂ ਵਿਚ ਟੀ.ਬੀ. ਦੇ ਜਰਾਸੀਮ ਵਿਕਸਤ ਹੋ ਰਹੇ ਹੁੰਦੇ ਹਨ, ਉਹ ਹੋਰ ਲੋਕਾਂ ਤੱਕ ਵੀ ਟੀ.ਬੀ. ਦੇ ਜਰਾਸੀਮ ਫੈਲਾ ਸਕਦੇ ਹਨ। ਟੀ.ਬੀ. ਸ਼ਰੀਰ ਦੇ ਹੋਰ ਹਿੱਸਿਆਂ ਨੂੰ ਵੀ ਪ੍ਰਭਾਵਤ ਕਰ ਸਕਦਾ ਹੈ ਜਿਵੇਂ ਕਿ ਗ੍ਰੰਥੀਆਂ, ਹੱਡੀਆਂ, ਗੁਰਦੇ ਅਤੇ ਸੰਤਾਨ ਉਤਪਤੀ ਅੰਗ, ਹਾਲਾਂਕਿ ਸ਼ਰੀਰ ਦੇ ਇਹਨਾਂ ਹਿੱਸਿਆਂ ਰਾਹੀਂ ਕਿਸੇ ਹੋਰ ਵਿਅਕਤੀ ਨੂੰ ਟੀ.ਬੀ. ਫੈਲਣ ਦੀ ਸੰਭਾਵਨਾ ਨਹੀਂ ਹੁੰਦੀ।

## ਸੰਕ੍ਰਮਣ (ਇਨਫੈਕਸ਼ਨ) ਜਾਂ ਰੋਗ?

ਜਦੋਂ ਤੁਸੀਂ ਟੀ.ਬੀ. ਦੇ ਜਰਾਸੀਮਾਂ ਨੂੰ ਸਾਹ ਰਾਹੀਂ ਆਪਣੇ ਫੇਫੜਿਆਂ ਵਿਚ ਲੈ ਗਏ ਹੋ ਅਤੇ ਤੁਹਾਡੇ ਸ਼ਰੀਰ ਦੀ ਰੱਖਿਅਕ ਪ੍ਰਣਾਲੀ ਨੇ ਉਹਨਾਂ ਨੂੰ ਵਿਕਸਤ ਹੋਣ ਤੋਂ ਰੋਕ ਦਿੱਤਾ ਹੈ ਤਾਂ ਤੁਸੀਂ ਟੀ.ਬੀ. ਤੋਂ ***ਸੰਕ੍ਰਮਿਤ*** ਹੋ। ਤੁਸੀਂ ਬੀਮਾਰ ਮਹਿਸੂਸ ਨਹੀਂ ਕਰੋਗੇ, ਤੇ ਤੁਸੀਂ ਟੀ.ਬੀ. ਦੇ ਜਰਾਸੀਮ ਦੂਜਿਆਂ ਤੱਕ ਨਹੀਂ ਫੈਲਾ ਸਕਦੇ।

ਜਦੋਂ ਟੀ.ਬੀ. ਦੇ ਜਰਾਸੀਮ ਅੰਦਰ ਵਿਕਸਤ ਹੋਣਾ ਸ਼ੁਰੂ ਕਰ ਦੇਣ ਤੇ ਕਿਰਿਆਸ਼ੀਲ ਹੋ ਜਾਣ, ਤਾਂ ਤੁਹਾਨੂੰ ਟੀ.ਬੀ. ਦੀ ***ਬੀਮਾਰੀ*** ਹੈ। ***ਰੋਗ*** ਹੋ ਜਾਣ 'ਤੇ, ਹੋ ਸਕਦਾ ਹੈ ਕਿ ਤੁਸੀਂ ਬੀਮਾਰ ਮਹਿਸੂਸ ਕਰੋ ਤੇ ਹੋ ਸਕਦਾ ਹੈ ਕਿ ਨਾ ਕਰੋ, ਲੇਕਨ ਜਦੋਂ ਤੁਹਾਨੂੰ ਇਹ ਬੀਮਾਰੀ ਹੋ ਜਾਵੇ ਇਹ ਬੇਹਦ ਜ਼ਰੂਰੀ ਹੈ ਕਿ ਤੁਸੀਂ ਇਹ ਯਾਦ ਰੱਖੋ ਕਿ ਤੁਸੀਂ ਟੀ.ਬੀ. ਦੇ ਜਰਾਸੀਮ ਆਪਣੇ ਆਲੇ ਦੁਆਲੇ ਮੌਜੂਦ ਲੋਕਾਂ ਤੱਕ ਫੈਲਾ ਸਕਦੇ ਹੋ।

## ਮੈਨੂੰ ਤਪਦਿਕ ਦੀ ਜਾਂਚ ਲਈ ਚਮੜੀ ਦੇ ਟੈਸਟ (ਟੁਬਇਰਚੁਲਨਿ ਸਕਨਿ ਟਇਸਟ) ਦੀ ਲੋੜ ਕਿਉਂ ਹੈ?

ਇਹ ਮੁਮਕਿਨ ਹੈ ਕਿ ਤੁਹਾਡੇ ਅੰਦਰ ਟੀ.ਬੀ. ਦੇ ਜਰਾਸੀਮ ਹੋਣ ਪਰ ਤੁਸੀਂ ਬੀਮਾਰ ਮਹਿਸੂਸ ਨਾ ਕਰੋ। ਇਹ ਜਾਣਨ ਲਈ ਕਿ ਕੀ ਤੁਹਾਨੂੰ ਤਪਦਿਕ ਦੀ ਇਨਫੈਕਸ਼ਨ ਹੈ, ਚਮੜੀ ਦਾ ਟੈਸਟ ਹੀ ਇਕ ਰਸਤਾ ਹੈ।

## ਮੈਂ ਟੀ.ਬੀ. ਲਈ ਜਾਂਚ ਕਿੱਥੋਂ ਕਰਵਾ ਸਕਦਾ ਹਾਂ?

ਤੁਸੀਂ ਟੀ.ਬੀ. ਲਈ ਆਪਣੇ ਸਥਾਨਕ ਹੈਲਥ ਯੂਨਿਟ ਤੋਂ ਜਾਂਚ ਕਰਵਾ ਸਕਦੇ ਹੋ, ਜਾਂ ਤੁਹਾਡਾ ਡਾਕਟਰ ਤੁਹਾਡੇ ਲਈ ਜਾਂਚ ਦਾ ਪ੍ਰਬੰਧ ਕਰ ਸਕਦਾ ਹੈ।

ਤੁਸੀਂ ਹੇਠ ਲਿਖੇ ਕਲੀਨਿਕਾਂ ਤੋਂ ਵੀ ਜਾਂਚ ਕਰਵਾ ਸਕਦੇ ਹੋ:

ਵੈਨਕੂਵਰ ਟੀ.ਬੀ. ਕੰਟ੍ਰੋਲ ਕਲੀਨਿਕ
655 ਵੈੱਸਟ 12 ਐਵੀਨਿਊ
ਵੈਨਕੂਵਰ ਬੀ.ਸੀ.
ਫ਼ੋਨ: 604-707-2692

ਨਿਊ ਵੈਸਟਮਿਨਸਟਰ ਟੀ.ਬੀ. ਕੰਟ੍ਰੋਲ ਕਲੀਨਿਕ
#100-237 ਕੋਲੰਬੀਆ ਸਟ੍ਰੀਟ ਈਸਟ
ਨਿਊ ਵੈਸਟਮਿਨਸਟਰ, ਬੀ.ਸੀ.
ਫ਼ੋਨ:604-707-2698

ਵਿਕਟੋਰੀਆ ਟੀ.ਬੀ. ਕਲੀਨਿਕ
1952 ਬੇ ਸਟ੍ਰੀਟ
ਵਿਕਟੋਰੀਆ, ਬੀ.ਸੀ.
ਫ਼ੋਨ: 250-519-1510

## ਟੈਸਟ ਕਿਸ ਤਰ੍ਹਾਂ ਕੀਤਾ ਜਾਂਦਾ ਹੈ?

ਇਕ ਤਪਦਿਕ ਟੈਸਟ ਟੀ.ਬੀ. ਦੀ ਜਾਂਚ ਲਈ ਸੱਭ ਤੋਂ ਪਹਿਲਾ ਟੈਸਟ ਹੈ। ਇਸ ਟੈਸਟ ਦੇ ਦੋ ਹਿੱਸੇ ਹਨ।

ਪਹਿਲੇ ਹਿੱਸੇ ਵਿਚ, ਇਕ ਛੋਟੀ ਸੂਈ ਰਾਹੀਂ ਤੁਹਾਡੀ ਬਾਂਹ ਦੀ ਚਮੜੀ ਦੀ ਸੱਭ ਤੋਂ ਉੱਪਰਲੀ ਪਰਤ ਹੇਠਾਂ, ਜਾਂਚ ਲਈ ਇਕ ਨੁਕਸਾਨ ਨਾ ਪਹੁੰਚਾਉਣ ਵਾਲੇ ਪਦਾਰਥ ਦੀ ਥੋੜੀ ਜਿਹੀ ਮਾਤਰਾ ਦਾ ਟੀਕਾ ਲਗਾਇਆ ਜਾਂਦਾ ਹੈ। ਹਾਲਾਂਕਿ ਖ਼ਤਰਾ ਬਹੁਤ ਮਾਮੂਲੀ ਹੈ, ਫਿਰ ਵੀ ਇਹ ਵੇਖਣ ਲਈ ਕਿ ਤੁਹਾਨੂੰ ਕਿਸੇ ਕਿਸਮ ਦਾ ਅਲਰਜੀ ਵਾਲਾ ਰੀਐਕਸ਼ਨ ਤਾਂ ਨਹੀਂ ਹੁੰਦਾ, ਤੁਹਾਨੂੰ ਚਮੜੀ ਦੇ ਟੈਸਟ ਮਗਰੋਂ 15 ਮਿਨਟ ਲਈ ਕਲੀਨਿਕ ਵਿਚ ਠਹਿਰਨ ਲਈ ਕਿਹਾ ਜਾਵੇਗਾ।

ਇਸ ਦੇ ਪ੍ਰਤੀਕਰਮ ਵੱਜੋਂ, ਸੂਈ ਲੱਗਣ ਦੀ ਥਾਂ 'ਤੇ ਥੋੜਾ ਉਭਾਰ ਆ ਸਕਦਾ ਹੈ। ਜੇਕਰ ਇਸ ਹਿੱਸੇ 'ਤੇ ਖੁਰਕ ਹੁੰਦੀ ਹੈ, ਤਾਂ ਇਸਨੂੰ *ਖੁਰਕੋ ਨਾ* । ਬਲਕਿ ਕਿਸੇ ਠੰਡੀ ਚੀਜ਼ (ਜਿਵੇਂ ਕਿ ਇਕ ਬਰਫ ਦੀ ਟੁਕੜੀ) ਨੂੰ ਇਸ 'ਤੇ ਰੱਖੋ। ਜਾਂਚ ਦਾ ਦੂਜਾ ਹਿੱਸਾ ਦੋ ਜਾਂ ਤਿੰਨ ਦਿਨ ਬਾਦ ਕੀਤਾ ਜਾਂਦਾ ਹੈ। ਇਹ ਜ਼ਰੂਰੀ ਹੈ ਕਿ ਟੀਕੇ ਦੇ ਪ੍ਰਤੀਕਰਮ ਦੇ ਮਾਪੇ ਜਾਣ ਲਈ ਤੁਸੀਂ ਵਾਪਸ ਜਾਓ।

## ਨਤੀਜਿਆਂ ਦਾ ਕੀ ਅਰਥ ਹੈ?

ਤੁਹਾਡੇ ਚਮੜੀ ਦੇ ਟੈਸਟ ਦੀ ਪਰਖ ਤੋਂ ਬਾਦ, ਇਸਨੂੰ ਨੈਗੇਟਿਵ ਜਾਂ ਪਾਜ਼ਿਟਿਵ ਕਿਹਾ ਜਾਵੇਗਾ।

ਜੇਕਰ ਇਹ ਨੈਗੇਟਿਵ ਹੈ ਤਾਂ ਸ਼ਾਇਦ ਤੁਹਾਡੇ ਸ਼ਰੀਰ ਵਿਚ ਟੀ.ਬੀ. ਦੇ ਜਰਾਸੀਮ ਨਹੀਂ ਹਨ। ਤੁਹਾਨੂੰ ਦੋ ਮਹੀਨਿਆਂ ਵਿਚ ਮੁੜਕੇ ਜਾਂਚ ਕਰਵਾਉਣ ਲਈ ਕਿਹਾ ਜਾਂ ਸਕਦਾ ਹੈ ਜੇ ਤੁਹਾਡਾ ਕਿਸੇ ਟੀ.ਬੀ. ਵਾਲੇ ਵਿਅਕਤੀ ਨਾਲ ਸੰਪਰਕ ਰਿਹਾ ਹੁੰਦਾ ਹੈ।

ਜੇਕਰ ਤੁਹਾਡੀ ਚਮੜੀ ਦਾ ਟੈਸਟ ਪਾਜ਼ਿਟਿਵ ਹੈ ਤਾਂ ਇਸਦਾ ਮਤਲਬ ਹੈ ਕਿ ਤੁਹਾਡੇ ਸ਼ਰੀਰ ਵਿਚ ਕਿਤੇ ਟੀ.ਬੀ. ਦੇ ਜਰਾਸੀਮ ਮੌਜੂਦ ਹਨ।

## ਚਮੜੀ ਦੇ ਟੈਸਟ ਦੇ ਪਾਜ਼ਿਟਿਵ ਹੋਣ ਦਾ ਕੀ ਅਰਥ ਹੈ?

ਚਮੜੀ ਦੇ ਟੈਸਟ ਦੇ ਪਾਜ਼ਿਟਿਵ ਹੋਣ ਦਾ ਅਰਥ ਹੈ ਕਿ ਹੇਠ ਲਿਖੀਆਂ ਗੱਲਾਂ ਵਿਚੋਂ ਕੋਈ ਇਕ ਹੋ ਸਕਦੀ ਹੈ:

1. **ਭੂਤਕਾਲ ਵਿਚ ਵੈਕਸੀਨ ਲਏ ਹੋਣਾ**
   ਹੋ ਸਕਦਾ ਹੈ ਕ ਤੁਸੀਂ ਬਚਪਨ ਵਿਚ ਟੀ.ਬੀ. ਦੇ ਲੋੜੇ ਲਵਾਏ ਹੋਣ, ਜਿਸਨੂੰ ਭਛਘ ਦੇ ਟੀਕੇ ਕਿਹਾ ਜਾਂਦਾ ਹੈ। ਕਿਉਂਕਿ ਇਸ ਵੈਕਸੀਨ ਦਾ ਪ੍ਰਭਾਵ ਸਮੇਂ ਦੇ ਬੀਤਣ ਨਾਲ ਘਟਦਾ ਹੈ, ਇਸ ਗੱਲ ਦੀ ਸੰਭਾਵਨਾ ਘੱਟ ਹੈ ਕਿ ਚਮੜੀ ਦੇ ਟੈਸਟ ਦਾ ਪ੍ਰਤੀਕਰਮ ਤੁਹਾਡੇ ਵਿਚ ਬਹੁਤ ਜ਼ਿਆਦਾ ਹੋਵੇ।

2. **ਟੀ.ਬੀ. ਦੀ ਇਨਫੈਕਸ਼ਨ**
   ਤੁਹਾਡੇ ਜਿਸਮ ਵਿਚ ਟੀ.ਬੀ. ਦੇ ਜਰਾਸੀਮ ਹਨ ਲੇਕਨ ਉਹ ਵਿਕਸਤ **ਨਹੀਂ** ਹੋ ਰਹੇ ਅਤੇ ਤੁਹਾਨੂੰ ਬੀਮਾਰ ਨਹੀਂ ਕਰ ਰਹੇ। ਇਸ ਅਵਸਥਾ ਵਿਚ, ਤੁਸੀਂ ਹੋਰ ਲੋਕਾਂ ਨੂੰ ਸੰਕ੍ਰਮਿਤ ਨਹੀਂ ਕਰ ਸਕਦੇ।

3. **ਟੀ.ਬੀ. ਦੀ ਬੀਮਾਰੀ**
   ਤੁਹਾਡੇ ਜਿਸਮ ਵਿਚ ਟੀ.ਬੀ. ਦੇ ਕਿਰਿਆਸ਼ੀਲ ਜਰਾਸੀਮ ਹਨ ਅਤੇ ਤੁਹਾਨੂੰ ਬੀਮਾਰ ਮਹਿਸੂਸ ਕਰਾ ਸਕਦੇ ਹਨ। ਜੇ ਤੁਹਾਨੂੰ ਟੀ.ਬੀ. ਦੀ ਬੀਮਾਰੀ ਹੈ, ਤਾਂ ਤੁਸੀਂ ਦੂਜਿਆਂ ਨੂੰ ਵੀ ਟੀ.ਬੀ. ਦੇ ਜਰਾਸੀਮਾਂ ਨਾਲ ਸੰਕ੍ਰਮਿਤ ਕਰ ਸਕਦੇ ਹੋ।

ਜੇਕਰ ਤੁਹਾਡਾ ਚਮੜੀ ਦਾ ਟੈਸਟ ਪਾਜ਼ਿਟਿਵ ਆਉਂਦਾ ਹੈ, ਤਾਂ ਇਹ ਨਿਰਧਾਰਤ ਕਰਨ ਲਈ ਕਿ ਉੱਤੇ ਦਿੱਤੀਆਂ ਸ਼ਰੇਣੀਆਂ ਵਿਚੋਂ ਤੁਹਾਡੇ ‘ਤੇ ਕਿਹੜੀ ਲਾਗੂ ਹੁੰਦੀ ਹੈ, ਤੁਹਾਨੂੰ ਕੁੱਝ ਹੋਰ ਟੈਸਟ ਕਰਵਾਉਣੇ ਪੈਣਗੇ।

ਇਹ ਵੇਖਣ ਲਈ ਕਿ ਤੁਹਾਡੇ ਫੇਫੜੇ ਪ੍ਰਭਾਵਤ ਹੋਏ ਹਨ ਕਿ ਨਹੀਂ ਤੁਹਾਡੀ ਛਾਤੀ ਦਾ ਯ-ਰੇ ਕੀਤਾ ਜਾਵੇਗਾ। ਜੇਕਰ ਤੁਹਾਡੇ ਯ-ਰੇ ਅਸਧਾਰਨ ਹਨ, ਜਾਂ ਤੁਸੀਂ ਬੀਮਾਰ ਮਹਿਸੂਸ ਕਰ ਰਹੇ ਹੋ, ਤਾਂ ਤੁਹਾਨੂੰ ਟੀ.ਬੀ. ਦੇ ਜਰਾਸੀਮਾਂ ਦੀ ਜਾਂਚ ਲਈ ਥੁੱਕ ਦਾ ਸੈਂਪਲ ਦੇਣ ਲਈ ਕਿਹਾ ਜਾਵੇਗਾ।

## ਟੀ.ਬੀ. ਦੀ ਬੀਮਾਰੀ ਦਾ ਇਲਾਜ ਕੀ ਹੈ?

ਚੰਗੀ ਖ਼ਬਰ ਇਹ ਹੈ ਕਿ ਟੀ.ਬੀ. ਠੀਕ ਹੋ *ਸਕਦੀ* ਹੈ, ਅਤੇ ਸਾਰੀ ਜਾਂਚ ਅਤੇ ਦਵਾਈਆਂ ਮੁਫਤ ਹਨ। ਜੇਕਰ ਤੁਹਾਨੂੰ ਬੀਮਾਰੀ ਹੋ ਜਾਂਦੀ ਹੈ ਤਾਂ ਇਹ *ਲਾਜ਼ਮੀ* ਹੈ ਕਿ ਤੁਸੀਂ – ਠੀਕ ਹੋਣ ਲਈ *ਅਤੇ* ਟੀ.ਬੀ. ਦੇ ਜਰਾਸੀਮਾਂ ਨੂੰ ਆਪਣੇ ਪਰਵਾਰ ਅਤੇ ਦੋਸਤਾਂ ਤੱਕ ਫੈਲਣ ਤੋਂ ਬਚਾਉਣ ਲਈ, ਇਸਦਾ ਇਲਾਜ ਕਰਵਾਓ।

ਇਲਾਜ ਵਿਚ ਕਈ ਤਰ੍ਹਾਂ ਦੀਆਂ ਗੋਲੀਆਂ ਦਾ ਛੇ ਤੋਂ ਨੌਂ ਮਹੀਨਿਆਂ ਲਈ ਨਿਯਮਤ ਤੌਰ ‘ਤੇ ਖਾਣਾ ਸ਼ਾਮਲ ਹੈ। ਇਸ ਸਮੇਂ ਦੇ ਦੌਰਾਨ, ਤੁਹਾਡੇ ਠੀਕ ਹੋਣ ਦੇ ਵਿਕਾਸ ਦੀ ਨਿਰੀਖਿਆ ਲਈ ਤੁਹਾਡੀ ਛਾਤੀ ਦੇ ਕਈ ਯ-ਰੇ ਅਤੇ ਤੁਹਾਡੀ ਥੁੱਕ ਦੇ ਸੈਂਪਲ ਲਏ ਜਾਣਗੇ।

BC Centre for Disease Control
AN AGENCY OF THE PROVINCIAL HEALTH SERVICES AUTHORITY

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca ’ਤੇ ਕਲਿੱਕ ਕਰੋ ਜਾਂ **8-1-1** ’ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 ’ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ ’ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।